# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**

ਸਿੱਖਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਬਲਾਕ-ਈ, ਪੰਜਵੀਂ ਮੰਜਿਲ, ਫੇਜ 8, ਅਜੀਤਗੜ੍ਹ (ਮੋਹਾਲੀ)।

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ।

ਮੀਮੋ ਨੰ: ਰਮਸਅ/ਵੋ.ਸਿ./2015/6990
ਮਿਤੀ : 13/05/2015

**ਵਿਸ਼ਾ:** **NSQF ਸਕੀਮ ਤਹਿਤ RMSA ਅਧੀਨ 300 ਹੋਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਸ਼ੁਰੂ ਕਰਨ ਸਬੰਧੀ।**

**ਹਵਾਲਾ:** **ਮੀਮੋ ਨੰ.** ਰਮਸਅ/ਵੋ.ਸਿ./2015/6339 ਮਿਤੀ 4 ਮਈ, 2015

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਦੱਸਿਆ ਜਾਂਦਾ ਹੈ ਕਿ MRHD ਵੱਲੋਂ RMSA ਅਧੀਨ ਸਾਲ 2015-16 ਤੋਂ 9ਵੀਂ ਕਲਾਸ ਤੋਂ 300 ਹੋਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਸ਼ੁਰੂ ਕੀਤੀ ਜਾ ਰਹੀ ਹੈ। ਜਿਨ੍ਹਾਂ ਸਕੂਲਾਂ ਵਿੱਚ ਇਹ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ ਦੀ ਸੂਚਨਾ ਅਤੇ ਸੂਚੀ ਹਵਾਲਾ ਅਧੀਨ ਪੱਤਰ ਰਾਹੀਂ ਭੇਜੀ ਜਾ ਚੁੱਕੀ ਹੈ ਅਤੇ SSA/RMSA ਦੀ ਵੈੱਬ ਸਾਈਟ ਤੇ ਉਪਲੱਬਧ ਹੈ।

ਇਹਨਾਂ ਸਕੂਲਾਂ ਦੇ ਸਕੂਲ ਮੁਖੀਆਂ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨਾਲ ਇੱਕ ਮੀਟਿੰਗ ਕਰਨ ਲਈ Orientation Program ਮਿਤੀ 16-05-2015 ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ ਅਤੇ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਅਤੇ ਜਿਲ੍ਹਾ ਸਿੱਖਿਆ ਦਫਤਰਾਂ ਵਿਖੇ ਤਾਇਨਾਤ ਵੋਕੇਸ਼ਨਲ ਕੋਆਰਡੀਨੇਟਰਜ਼ ਭਾਗ ਲੈਣਗੇ। ਇਹ ਮੀਟਿੰਗ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਰੱਖੀ ਗਈ ਹੈ, ਜਿਸ ਵਿੱਚ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਡੀ.ਜੀ.ਐਸ.ਈ. ਕਮ ਐਸ.ਪੀ.ਡੀ., ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਡੀ.ਪੀ.ਆਈ. (ਸੈ.ਸਿ.) ਅਤੇ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਵੀ ਭਾਗ ਲੈਣਗੇ। ਇਸ ਵਿੱਚ NSDC (National Skill Development Corporation) , Delhi ਵੱਲੋਂ ਆਪਣੀ ਪ੍ਰੈਜ਼ੇਂਟੇਸ਼ਨ ਵੀ ਦਿੱਤੀ ਜਾਵੇਗੀ। ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਆਪਣਾ ਅਤੇ ਸੰਬਧਤ ਪ੍ਰਿੰਸੀਪਲ/ਸਕੂਲ ਮੁੱਖੀ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਪ੍ਰੋਗਰਾਮ ਵਿੱਚ ਪਹਿਲਾਂ ਤੋਂ ਚੱਲ ਰਹੇ 100 ਸਕੂਲ ਅਤੇ ਹੁਣ ਅਪਰੂਵ ਹੋਏ 300 ਸਕੂਲਾਂ ਦੇ ਪ੍ਰਿੰਸੀਪਲ/ਸਕੂਲ ਮੁੱਖੀ ਜਿਨ੍ਹਾਂ ਸਕੂਲਾਂ ਵਿੱਚ ਵੋਕੇਸ਼ਨਲ ਟਰੇਡਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਵੋਕੇਸ਼ਨਲ ਕੋਆਰਡੀਨੇਟਰ ਨੂੰ ਭਾਗ ਲੈਣਾ ਜਰੂਰੀ ਹੈ ਅਤੇ ਹੋਰ ਕੋਈ ਵੀ ਪ੍ਰਿੰਸੀਪਲ ਦਾ ਨੁਮਾਇੰਦਾਂ/ਸਪੋਰਟਿੰਗ ਸਟਾਫ ਭਾਗ ਨਹੀ ਲਵੇਗਾ ।

**ਪ੍ਰੋਗਰਾਮ ਦਾ ਵੇਰਵਾ:-**

| | |
|---|---|
| ਮਿਤੀ | : 16-05-2015 (ਸ਼ਨੀਵਾਰ) |
| ਸਥਾਨ | : ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ.ਨਗਰ (ਮੋਹਾਲੀ)। |
| ਸਮਾਂ | : 10:30 ਵਜੇ ਤੋਂ (ਸਵੇਰੇ) |

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ (ਵੋ.ਸਿੱ),**
**ਪੰਜਾਬ।**

**ਪਿੱਠ ਅੰਕਣ ਨੰ: ਰਮਸਅ/ਸਿ.ਵ./2015/ ਉਕਤ** **ਮਿਤੀ : 13 /05/2015**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ, ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਕੱਤਰ, ਡੀ.ਜੀ.ਐਸ.ਈ.-ਕਮ-ਐਸ.ਪੀ.ਡੀ., ਪੰਜਾਬ।
4. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
5. ਡੀ.ਪੀ.ਆਈ. (ਸੈ.ਸਿ. ਅਤੇ ਐ.ਸਿ.), ਪੰਜਾਬ।
6. ਡਾਇਰੈਕਟਰ ਐਸ.ਸੀ.ਆਰ.ਟੀ., ਪੰਜਾਬ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ (ਵੋ.ਸਿੱ),**
**ਪੰਜਾਬ।**